## ਇੱਕ ਅੰਧਰੰਗ ਤੋਂ ਸਤਾਇਆ ਹੋਇਆ ਮਨੁੱਖ ਯੀਸ਼ੂ ਨੂੰ ਮਿੱਲਿਆ

### ਬੱਚਿਆਂ ਨੂੰ ਸਿਖਾਉ ਕਿ ਯੀਸ਼ੂ ਮਸ਼ੀਹ ਉਨ੍ਹਾਂ ਨੂੰ ਬਚਾਉਣਾ ਚਾਹੁੰਦਾ ਹੈ।

ਬੱਚਿਆਂ ਨੂੰ ਕੋਈ ਸਿੱਖਣ ਵਾਲੇ ਕੰਮਾ ਵਿੱਚ, ਇੱਕ ਨੂੰ ਚੁਣੋ।

ਇੱਕ ਵੱਡਾ ਬੱਚਾ, ਅਤੇ ਸਿੱਖਿਆ ਦੇਣ ਵਾਲਾ ਅੰਧਰੰਗ ਦੇ ਮਾਰੇ ਹੋਏ ਮਨੁੱਖ ਦੀ ਕਹਾਣੀ ਪੜੇ, ਜਿਹੜਾ ਯੀਸ਼ੂ ਨੂੰ ਮਿੱਲਿਆ। **ਮੁਰਕੁਸ** 2:1–12 ਵਿੱਚੋ ਸਾਨੂੰ ਇਹ ਦੱਸਦੀ ਹੈ ਕਿ ਕਿਵੇ ਅਸੀ ਆਪਣੇ ਮਿੱਤਰਾਂ ਨੂੰ ਯੀਸ਼ੂ ਨੂੰ ਮਿਲਾਉਣ ਵਿੱਚ ਸਹਾਇਤਾ ਕਰ ਸਕਦੇ ਹਾਂ ਜਿਹੜਾ ਇੰਨਾ ਨੂੰ ਬਚਾ ਸਕਦਾ ਹੈ।

ਕਹਾਣੀ ਸੁਣਾਉਣ ਦੇ ਬਾਦ ਇਹ ਪ੍ਰਸ਼ਨ ਪੁੱਛੋ :

- ਯੀਸ਼ੂ ਨੇ ਕੀ ਕੀਤਾ ਜਦੋ ਉਨ੍ਹਾਂ ਨੇ ਸੁਣਿਆ ਕਿ ਯੀਸ਼ੂ ਆਇਆ ਹੈ? (ਆਇਤ 2 ਦੇਖੋ)
- ਬੀਮਾਰ ਮਨੁੱਖ ਦੇ ਮਿੱਤਰ ਉਹਨੂੰ ਯੀਸ਼ੂ ਦੇ ਕੋਲ ਕਿੰਝ ਲੈ ਕੇ ਆਏ? (ਆਇਤ 4 ਦੇਖੋ)
- ਯੀਸ਼ੂ ਨੇ ਉਹਦੇ ਮਿੱਤਰਾ ਵਿੱਚ ਕੀ ਵੇਖਿਆ? (ਆਇਤ 5 ਦੇਖੋ)
- ਪਹਿਲਾਂ, ਯੀਸ਼ੂ ਨੇ ਬੀਮਾਰ ਮਨੁੱਖ ਨੂੰ ਕੀ ਕਿਹਾ? (ਦੇਖੋ ਆਇਤ 5)
- ਕਾਨੂੰਨ ਦੀ ਸਿੱਖਿਆ ਦੇਣ ਵਾਲਿਆਂ ਨੇ ਯੀਸ਼ੂ ਦੇ ਸ਼ਬਦਾਂ ਦੇ ਬਾਰੇ ਕੀ ਸੋਚਿਆ? (ਆਇਤ 7 ਦੇਖੋ)
- ਯੀਸ਼ੂ ਨੇ ਕਿਵੇ ਵਿਖਾਇਆ ਕਿ ਉਸਦੇ ਕੋਲ ਪਾਪਾਂ ਨੂੰ ਮਾਫ ਕਰਨ ਦੀ ਸ਼ਕਤੀ ਹੈ? (ਆਇਤ 10–12 ਦੇਖੋ)

**ਯੀਸ਼ੂ ਨੂੰ ਅਧਰੰਗ** ਦੇ ਮਾਰੇ ਹੋਵੇ ਮਨੁੱਖ ਨੂੰ ਚੰਗਾ ਕਰਦੇ ਹੋਏ, ਨਾਟਕ ਕਰੋ, ਮਰਕਸ 2:1–12 ਆਪਣੇ ਸਮੇਂਦਾ ਉਪਯੋਗ ਬੱਚਿਆਂ ਦੇ ਨਾਲ ਨਾਟਕ ਤਿਆਰ ਕਰਨ ਵਿੱਚ ਕਰੋ। ਸਾਡਾ ਹਿੱਸਾ ਪ੍ਰਯੋਗ ਕਰਨ ਦੀ ਜਰੂਰਤ ਨਹੀ ਹੈ।

- ਵੱਡੇ **ਬੱਚੇ ਅਤੇ ਬਾਲਿਗ** ਇਨ੍ਹਾਂ ਭਾਗਾਂ ਨੂੰ ਕਰਨ :–

  **ਵਾਚਕ** (ਕਹਾਣੀਕਾਰ) ਕਹਾਣੀ ਦੱਸੇ ਕਿ ਕਿਰਦਾਰ ਨੇ ਕੀ ਬੋਲਣਾ ਹੈ? ਯਾਦ ਕਰਾਏ।

  **ਯੀਸ਼ੂ**

  ਛੋਟੇ **ਬੱਚੇ ਨਾਟਕ ਦੇ ਇਸ** ਭਾਗ ਨੂੰ ਕਰਨ :

  **ਅੰਧਰੰਗ ਦਾ ਮਾਰਿਆ ਹੋਇਆ ਮਨੁੱਖ**

  **ਚਾਰ ਮਿੱਤਰ**

  **ਲੋਕ**

  **ਕਾਨੂੰਨ ਦੀ ਸਿੱਖਿਆ ਦੇਣ ਵਾਲੇ**

## ਨਾਟਕ ਭਾਗ 1 ਮੁਰਕੁਸ 2:1–4

**ਵਾਚਕ** ਕਹਾਣੀ ਦਾ ਭਾਗ ਦੱਸੇ (ਆਇਤ 1-4) ਕਹੋ, ''ਸੁਣੋ ਬੀਮਾਰ ਮਨੁੱਖ ਦੇ ਮਿੱਤਰ ਕੀ ਕਹਿੰਦੇ ਹਨ।''

**ਪਹਿਲਾ** ''ਯੀਸ਼ੂ ਉਸ ਘਰ ਦੇ ਅੰਦਰ ਹੈ ਆਓ ਅਸੀ ਆਪਣੇ ਅਧਰੰਗ ਦੇ ਮਾਰੇ ਮਿੱਤਰ ਹੋਏ ਮਿੱਤਰ ਨੂੰ ਯੀਸ਼ੂ ਦੇ ਕੋਲ ਲੈ ਚਲੀਏ, ਯੀਸ਼ੂ ਉਹਨੂੰ ਚੰਗਾ ਕਰ ਸਕਦਾ ਹੈ'' (ਚਾਰੋ ਜਣੇ ਬੀਮਾਰ ਮਨੁੱਖ ਨੂੰ ਉਠਾਉਣ ਦਾ ਬਹਾਨਾ ਕਰਨ)

**ਦੂਸਰਾ** ''ਇਥੇ ਤਾ ਬੜੇ ਲੋਕ ਹਨ,'' ਅਸੀ ਕਿਵੇ ਘਰ ਦੇ ਅੰਦਰ ਜਾ ਸਕਦੇ ਹਾਂ।''

**ਮਿੱਤਰ**

**ਤੀਸਰਾ ਮਿੱਤਰ** :– ''ਚਲੋ ਅਸੀਂ ਕੋਠੇ ਉੱਤੇ ਚੜ੍ਹ ਜਾਂਦੇ ਹਾਂ ਅਤੇ ਉਹਦੇ ਵਿੱਚ ਇੱਕ ਮਘੋਰਾ ਕਰ ਲੈਂਦੇ ਹਾ, ਫਿਰ ਅਸੀ ਮੰਜੀ ਨੂੰ ਰੱਸੀ ਨਾਲ ਹੇਠਾਂ ਲਮਕਾ ਦਿਆਂਗਾ।''

**ਮਿੱਤਰ** (ਚਾਰੋ) ਕੁਰਸੀਆ ਜਾ ਮੇਜ ਤੇ ਚੜ ਕੇ ਛੱਤ ਦੀਆ ਇੱਟਾਂ ਹਟਾਉਣ ਦਾ ਬਹਾਨਾ ਕਰਨ।

## ਨਾਟਕ ਭਾਗ 2 ਮੁਰਕੁਮ 2:5–7

**ਵਾਚਕ** ਕਹਾਣੀ ਦਾ ਦੂਸਰਾ ਭਾਗ ਦੱਸੇ (ਆਇਤਾ 5–7) ਅਤੇ ਆਖੇ, ਦੇਖੋ ਲੋਕ ਕੀ ਕਹਿੰਦੇ ਹਨ?''

**ਲੋਕ** :– ''ਦੇਖੋ ਉਹ ਆਦਮੀ ਕੋਠੇ ਦੇ ਉੱਤੇ ਮਘੋਰਾ ਕਰ ਰਹੇ ਹਨ।''

"ਇਥੇ ਮੇਰੇ ਉੱਤੇ ਮਿੱਟੀ ਕਿਰ ਰਹੀ ਹੈ"

"ਦੇਖੋ ਉਹ ਮੰਜੀ ਉੱਤੇ ਕਿਸੇ ਨੂੰ ਬੈਠਾ ਕੇ ਹੇਠਾ ਕਰ ਰਹੇ ਹਨ"

"ਉਹ ਮੇਰੇ ਸਿਰ ਉੱਤੇ ਹੀ ਆ ਰਿਹਾ ਹੈ"

"ਹੱਟ ਜਾਉ, ਇਹਨੂੰ ਥੋੜੀ ਜਿਹੀ ਜਗ੍ਹਾ ਦੇ ਦਿਉ।"

**ਅੰਧਰੰਗ ਦਾ ਮਾਰਿਆ ਹੋਇਆ ਮਨੁੱਖ** :- ਉਹ ਮੰਜੀ ਤੇ ਲੇਟ ਜਾਦਾ ਹੈ ਜਿਹਦੇ ਕੋਲ ਉਹਦੇ ਮਿੱਤਰ ਕੰਮ ਕਰ ਰਹੇ ਹਨ।

**ਯੀਸ਼ੂ** ਉੱਪਰ ਦੇਖ ਕੇ ਕਹਿੰਦਾ ਹੈ "ਮਿੱਤਰੋ ਮੈ ਤੁਹਾਡੇ ਵਿਸ਼ਵਾਸ ਨੂੰ ਵੇਖਿਆ ਹੈ।" (ਹੇਠਾ ਦੇਖਦਾ ਹੈ, ਮਨੁੱਖ ਨੂੰ ਛੂਹੰਦਾ ਹੈ) ਅਤੇ ਆਖਦਾ ਹੈ "ਪੁੱਤਰ ਤੇਰੇ ਪਾਪ ਮਾਫ ਹੋਏ।"

ਪੌਲੁਸ ਤਿਮੋਥਿਉਸ ਬੱਚਿਆਂ ਦੀ ਪੜਾਈ ਵਾਸਤੇ – ਧਰਮ ਦੇ ਪ੍ਰਚਾਰ ਲਈ ਐਸ ਆਈ ਬ ਸਫਾ 2 ਦਾ 1

**ਸਿੱਖਿਆ ਦੇਣ ਵਾਲਾ** – ਗੁੱਸੇ ਨਾਲ ਗੱਲ ਕਰੇ, ਅਤੇ ਆਖੇ "ਇਹ ਮਨੁੱਖ ਪਾਪਾ ਨੂੰ ਕਿਵੇ ਮਾਫ ਕਰ ਸਕਦਾ ਹੈ? ਇਹ ਆਪਣੇ ਆਪ ਨੂੰ ਕਿ ਸਮਝਦਾ ਹੈ?"

## ਨਾਟਕ ਦਾ ਭਾਗ 3 ਮਰਕਸ 2:8-12

**ਵਾਚਕ** (ਕਹਾਣੀ ਦੇ ਬਾਰੇ ਦੱਸਣ ਵਾਲਾ) ਕਹਾਣੀ ਦੇ ਤੀਸਰੇ ਹਿੱਸੇ ਦੇ ਬਾਰੇ ਵਿੱਚ ਦੱਸੇ। (ਆਇਤਾ 8-12) ਅਤੇ ਕਹੇ "ਸੁਣੋ ਯੀਸ਼ੂ ਕੀ ਕਹਿੰਦਾ ਹੈ"?

**ਯੀਸ਼ੂ** : ਲੋਕਾਂ ਦੀ ਭੀੜ ਨੂੰ ਆਖੇ, "ਮੈ ਤੁਹਾਨੂੰ ਦਿਖਾਵਾਗਾਂ ਕਿ ਮੈ ਪਾਪਾਂ ਨੂੰ ਕਿਵੇ ਮਾਫ ਕਰ ਸਕਦਾ ਹਾ" ਅਧਰੰਗ ਦੇ ਮਾਰੇ ਹੋਵੇ ਨੂੰ ਕਹੋ "ਉੱਠ ਅਤੇ ਤੁਰ"

**ਅੰਧਰੰਗ ਦਾ ਮਾਰਿਆ ਹੋਇਆ ਮਨੁੱਖ** – ਟੱਪ ਕੇ ਆਖੇ, ਪਰਮੇਸ਼ਵਰ ਦੀ ਵਡਿਆਈ ਹੋਵੇ, ਮੈ ਹੁਣ ਤੁਰ ਸਕਦਾ ਹਾਂ। (ਤੁਰ ਕੇ ਵੇਖੇ) "ਦੇਖੋ ਮੈ ਹੁਣ ਅੰਧਰੰਗ ਦਾ ਮਾਰਿਆ ਹੋਇਆ ਰੋਗੀ ਨਹੀ ਰਿਹਾ। ਅਤੇ ਮੇਰੇ ਪਾਪ ਵੀ ਮਾਫ ਹੋ ਗਏ ਹਨ।

**ਲੋਕ**:- "ਅਸੀ ਵੀ ਪ੍ਰਭੂ ਦੀ ਵਡਿਆਈ ਕਰਦੇ ਹਾਂ।" "ਅਸੀ ਕਦੀ ਇਸ ਤਰ੍ਹਾਂ ਹੁੰਦਾ ਨਹੀ ਦੇਖਿਆ।"

**ਵਾਚਕ** :- ਇਹ ਘੋਸ਼ਣਾ ਕਰੋ ਕਿ ਨਾਟਕ ਖਤਮ ਹੋ ਗਿਆ ਹੈ, ਹਰੇਕ ਦਾ ਧੰਨਵਾਦ ਕਰੋ, ਜਿੰਨਾ ਨੇ ਇਹ ਨਾਟਕ ਕਰਨ ਵਿੱਚ ਸਹਾਇਤਾ ਕੀਤੀ। ਬਾਲਿਗਾਂ ਦਾ ਵੀ ਧੰਨਵਾਦ ਕਰੋ, ਉਨ੍ਹਾਂ ਦੇ ਸੁਣਨ ਲਈ।

**ਜੇਕਰ ਸਮਾਜ ਨੂੰ ਮਨਜ਼ੂਰ ਹੈ ਤਾ ਇੱਕ ਬੱਚਾ ਬਾਲਿਗਾ ਨੂੰ ਪੁੱਛੇ** "ਕਿ ਹੋਰ ਕਿਹੜੇ ਰਾਹ ਹਨ, ਜਿਨ੍ਹਾਂ ਨਾਲ ਯੀਸ਼ੂ ਸਾਨੂੰ ਸ਼ੈਤਾਨੀ ਸ਼ਕਤੀ ਤੋਂ ਬਚਾਉਦਾ ਹੈ? (ਲੋਕਾ ਨੂੰ ਉਦਾਹਰਣ ਦੇਣ ਦਿਉ)

ਕਲਿਸਿਆ ਦੇ ਆਗੂ ਨਾਲ ਮਿਲ ਕੇ ਬੱਚਿਆਂ ਨੂੰ ਤਿਆਰ ਕਰੋ।

- ਅਰਾਧਨਾ ਦੇ ਵਿੱਚਕਾਰ ਵਾਲੇ ਸਮੇ ਵਿੱਚ ਨਾਟਕ ਪੇਸ਼ ਕਰੋ।
- ਉਨਾ ਨੂੰ ਪ੍ਰਸ਼ਨ ਪੁੱਛੋ, ਜਿਹੜੇ ਇਸ ਪੜਾਈ ਦੇ ਸ਼ੁਰੂ ਦਿੱਤੇ ਗਏ ਹਨ।
- ਕਵਿਤਾ ਜਾਂ ਹੋਰ ਵੀ ਕੋਈ ਚੀਜ ਜਿਹੜੀ ਤਿਆਰ ਕੀਤੀ ਹੈ, ਉਹ ਪੇਸ਼ ਕਰੋ।

**ਕਵਿਤਾ**:- ਤਿੰਨ ਬੱਚੇ ਕਵਿਤਾ ਵਾਂਗ ਜਬੂੰਰਾ ਦੀ ਪੋਥੀ ਵਿੱਚ 25:1-2 ਅਤੇ7 ਵਾਲੀ ਆਇਤ ਕਹਿਣ।

ਹੇ ਯਹੋਵਾਹ ਮੈ ਆਪਣਾ ਜੀ ਤੇਰੀ ਵੱਲ ਲਾਉਂਦਾ ਹਾਂ

ਹੇ ਮੇਰੇ ਪਰਮੇਸ਼ਵਰ ਮੈ ਤੇਰੇ ਉਤੇ ਭਰੋਸਾ ਰੱਖਿਆ ਹੈ,

ਮੈਨੂੰ ਸ਼ਰਮਿੰਦਾ ਨਾ ਹੋਣ ਦੇਹ।

ਵੈਰੀਆਂ ਨੂੰ ਮੇਰੇ ਉੱਤੇ ਬਿਗਲ ਨਾ ਵਜਾਉਣ ਦੇ। ਮੇਰੀ ਜੁਆਨੀ ਦੇ ਪਾਪਾਂ ਅਤੇ ਅਪਰਾਧਾਂ ਨੂੰ ਚੇਤੇ ਨਾ ਰੱਖ।



ਹੇ ਯਹੋਵਾਹ! ਆਪਣੀ ਦਇਆ ਦੇ ਅਨੁਸਾਰ ਤੇ ਆਪਣੀ ਭਲਿਆਈ ਦੇ ਕਾਰਨ, ਤੂੰ ਮੈਨੂੰ ਚੇਤੇ ਰੱਖ।

ਇੱਕ ਮੰਜੀ (ਪਲੰਗ) ਦੀ ਤਸਵੀਰ ਬਣਾਉ।

- ਵੱਡਿਆਂ ਬੱਚਿਆਂ ਨੂੰ ਕਹੋ ਕਿ ਉਹ ਛੋਟਿਆਂ ਬੱਚਿਆਂ ਨੂੰ ਨਕਲ ਕਰਨ ਵਿੱਚ ਸਹਾਇਤਾ ਕਰਨ। ਉਹ ਇਹਨੂੰ ਅਰਾਧਨਾ ਦੇ ਵੇਲੇ ਬਾਲਿਗਾਂ ਨੂੰ ਦਿਖਾ ਸਕਦੇ ਹਨ।

- ਉਨ੍ਹਾਂ ਨੂੰ ਇਹ ਸਮਝਾਉ ਕਿ ਇਹ ਖਾਲੀ ਕਬਰ ਦਰਸਾਉਂਦੀ ਹੇ ਕਿ ਪਰਮੇਸ਼ਵਰ ਸਾਨੂੰ ਕਿਵੇ ਸ਼ੈਤਾਨੀ ਅਤੇ ਬਿਮਾਰੀਆਂ ਦੇ ਨਤੀਜੇ ਤੋਂ ਬਚਾਉਦਾ ਹੇ।

ਫਿਰ ਯੀਸ਼ੂ ਸਾਨੂੰ ਬਚਾਉਦਾ ਹੈ।

ਸਾਡੀ ਨੂੰ ਸਹਿਣ

ਸਮਝਾਉ – ਜਿਹੜਾ ਕਿ ਇਸ ਜੀਵਨ ਵਿੱਚ, ਸਦਾ ਤੱਕ ਰਹਿਦਾ ਹੈ।

**ਯਾਦ ਕਰੋ** ਲੂੱਕਾ 19:10

**ਕਵਿਤਾ** : ਤਿੰਨ ਬੱਚੇ ਕਵਿਤਾ ਦੇ ਵਾਂਗ ਜਬੂਰਾ ਦੀ ਪੋਥੀ 25:1-2 2 ਅਤੇ 7 ਆਇਤ ਦੱਸਣ।

**ਵੱਡੇ ਬੱਚੇ ਇਕ ਕਵਿਤਾ ਲਿੱਖਣ,** ਗੀਤ ਅਤੇ ਛੋਟੀ ਕਹਾਣੀ ਤੇ ਕੋਈ ਗਵਾਹੀ ਚੰਗਾਈ ਮਿਲਣ ਤੋਂ ਬਾਦ, ਜਿਹੜੀ ਉਨ੍ਹਾਂ ਨੇ ਦੇਖੀ ਹੈ, ਅਤੇ ਕਿਵੇ ਯੀਸ਼ੂ ਉਨ੍ਹਾਂ ਦੇ ਦਿੱਲਾ ਵਿੱਚ ਆਇਆ।

**ਪ੍ਰਾਥਨਾ**:– ''ਪਿਆਰੇ ਪ੍ਰਭੂ, ਅਸੀ ਧੰਨਵਾਦ ਕਰਦੇ ਹਾਂ ਕਿ ਤੁਹਾਡੀ ਤਾਕਤ ਦਾ ਜਿਹੜੀ ਸਾਨੂੰ ਸੈਤਾਨੀ ਗੱਲਾਂ ਤੇ ਜਿੱਤ ਹਾਸਲ ਕਰਾਉਦੀ ਹੈ। ਤੁਸੀ ਸਾਨੂੰ ਚੰਗਿਆਈ ਦੇਦੇ ਹੋ, ਅਤੇ ਸਦਾ ਸਾਡੇ ਪਾਪਾਂ ਨੂੰ ਮਾਫ ਕਰਦੇ ਹੋ, ਅਤੇ ਇੱਕ ਨਵਾ ਜੀਵਨ ਦੇਣ ਲਈ, ਜਿਹੜਾ ਮੌਤ ਦੇ ਬਾਦ ਵੀ ਜਿਉਂਦਾ ਰਹੇਗਾ। ਅਸੀ ਜਾਣਦੇ ਹਾਂ ਕਿ ਜਦੋ ਅਸੀ ਅੰਤ ਵਿੱਚ ਤੁਹਾਡੇ ਨਾਲ ਹੋਵਾਂਗੇ। ਤਦੋ ਸਾਨੂੰ ਕੋਈ ਵੀ ਦੁੱਖ ਨਹੀ ਹੋਵੇਗਾ।

Copyright 2004 © by Paul-Timothy. May be freely copied. Download from www.Paul-Timothy.net